BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਲੋਕਲ ਗੈਰ-ਲਾਭ ਅਤੇ ਚੈਰੀਟੇਬਲ ਸੰਗਠਨਾਂ ਦੀ ਹਿਮਾਇਤ ਵਿੱਚ ਸਹਾਇਤਾ ਲਈ ਲਗਭਗ 600,000 ਡਾਲਰ ਦਾ ਯੋਗਦਾਨ ਦੇ ਰਹੀ ਹੈ

ਬ੍ਰੈਂਪਟਨ, ਓਨਟੈਰੀਓ (6 ਮਈ, 2022) – ਸਿਟੀ ਆਫ ਬ੍ਰੈਂਪਟਨ, 5,000 ਡਾਲਰ ਤੋਂ 25,000 ਡਾਲਰ ਤੱਕ ਦੇ ਮੁੱਲ ਦੀਆਂ ਗ੍ਰਾਂਟਾਂ ਦੇ ਨਾਲ, ਐਡਵਾਂਸ ਬ੍ਰੈਂਪਟਨ ਫੰਡ (Advance Brampton Fund) ਦੇ ਦੁਆਰਾ, 64 ਲੋਕਲ ਗੈਰ-ਲਾਭ ਸੰਗਠਨਾਂ ਅਤੇ 2022 ਵਿੱਚ ਰਜਿਸਟਰਡ ਚੈਰਿਟੀਜ ਦੀ ਹਿਮਾਇਤ ਵਿੱਚ ਮਦਦ ਲਈ, ਲਗਭਗ 600,000 ਡਾਲਰ ਦਾ ਯੋਗਦਾਨ ਦੇ ਰਹੀ ਹੈ।

ਇਹ ਫੰਡਿੰਗ ਉਹਨਾਂ ਮਹੱਤਵਪੂਰਣ ਪ੍ਰੋਗਰਾਮਾਂ ਨੂੰ ਡਿਲੀਵਰ ਕਰਨ ਵਿੱਚ ਮਦਦ ਲਈ ਜ਼ਰੂਰੀ ਹੈ, ਜਿਹਨਾਂ ਤੇ ਕਮਿਉਨਿਟੀ ਨਿਰਭਰ ਕਰਦੀ ਹੈ ਕਿਉਂਕਿ ਬ੍ਰੈਂਪਟਨ, ਲਗਾਤਾਰ ਕੋਵਿਡ-19 (COVID-19) ਮਹਾਂਮਾਰੀ ਤੋਂ ਬਾਹਰ ਨਿੱਕਲ ਰਿਹਾ ਹੈ। ਐਡਵਾਂਸ ਬ੍ਰੈਂਪਟਨ ਫੰਡ ਦੇ ਦੁਆਰਾ ਜਿਹਨਾਂ ਸੰਗਠਨਾਂ ਨੂੰ ਸਹਾਇਤਾ ਦਿੱਤੀ ਗਈ ਹੈ, ਉਹਨਾਂ ਵਿੱਚ ਸ਼ਾਮਲ ਹਨ, ਅਸੀਸ ਫਾਊਂਡੇਸ਼ਨ (Asees Foundation), ਲੇਡੀ ਬੈਲਰਸ ਕੈਂਪ (Lady Ballers Camp), ਵਨ ਵੋਇਸ ਵਨ ਟੀਮ ਯੂਥ ਲੀਡਰਸ਼ਿਪ ਓਰਗੇਨਾਈਜ਼ੇਸ਼ਨ (One Voice One Team Youth Leadership Organization), ਪੰਜਾਬੀ ਕਮਿਉਨਿਟੀ ਹੈਲਥ ਸਰਵਿਸਿਜ (Punjabi Community Health Services), ਬਿਗ ਬ੍ਰਦਰਸ, ਬਿਗ ਸਿਸਟਰਸ ਆਫ ਪੀਲ (Big Brothers, Big Sisters of Peel), ਬੋਜ਼ ਆਰਟਸ ਬ੍ਰੈਂਪਟਨ (Beaux Arts Brampton) ਅਤੇ ਹੋਰ। 2022 ਦੇ ਐਡਵਾਂਸ ਬ੍ਰੈਂਪਟਨ ਫੰਡ ਦੇ ਗ੍ਰਾਂਟੀਜ ਦੀ ਪੂਰੀ ਸੂਚੀ, brampton.ca/abf ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਬ੍ਰੈਂਪਟਨ ਦੇ ਬਜ਼ੁਰਗ, ਕੋਵਿਡ-19 ਮਹਾਂਮਾਰੀ ਦੇ ਦੌਰਾਨ ਅਲਗ ਰਹਿਣ ਅਤੇ ਉਪਲਬਧ ਵਸੀਲਿਆਂ ਦੀ ਘਾਟ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਹਨ। ਇੰਡਸ ਕਮਿਉਨਿਟੀ ਸਰਵਿਸਿਜ (Indus Community Services) ਲਈ, “ਐਡਵਾਂਸਡ ਬ੍ਰੈਂਪਟਨ ਫੰਡ, ਉਹਨਾਂ ਦੇ ਸੱਭਿਆਚਾਰਾਂ ਨੂੰ ਦਰਸਾਉਣ ਅਤੇ ਕਲਾ, ਗੱਲਬਾਤ ਦੇ ਦੁਆਰਾ ਕੁਸ਼ਲਤਾਵਾਂ ਵਧਾਉਣ, ਕਸਰਤ, ਸਿੱਖਿਆ ਅਤੇ ਸਿਹਤਮੰਦ ਖਾਣ-ਪੀਣ ਵਿੱਚ, ਸਾਡੇ ਬਜ਼ੁਰਗਾਂ ਦੀ ਹਿਮਾਇਤ ਕਰਨ ਵਿੱਚ ਸਾਡੀ ਸਹਾਇਤਾ ਕਰੇਗਾ। ਸਾਨੂੰ, ਸਾਡੇ ਕਲਾਈਂਟਾਂ ਨੂੰ ਵਿਅਕਤੀਗਤ ਅਤੇ ਵਰਚੁਅਲ (ਆਭਾਸੀ) ਤੌਰ ਤੇ ਇਹ ਪ੍ਰੋਗਰਾਮਿੰਗ ਪੇਸ਼ ਕਰਨ ਲਈ ਖੁਸ਼ੀ ਹੈ।”

ਬ੍ਰੈਂਪਟਨ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ ਅਤੇ ਅਸੀਸ ਫਾਉਂਡੇਸ਼ਨ (Asees Foundation) ਸਰਗਰਮ ਰਹਿਣ ਦੇ ਮਹੱਤਵ ਨੂੰ ਸਮਝਦੀ ਹੈ। “ਐਡਵਾਂਸ ਬ੍ਰੈਂਪਟਨ ਫੰਡ ਸਾਨੂੰ, ਸਾਡੀ ਕਮਿਉਨਿਟੀ ਵਿੱਚ ਨੌਜਵਾਨਾਂ ਅਤੇ ਹੋਰ ਵਿਅਕਤੀਆਂ ਲਈ ਸਾਡੇ, ਗੈਟ ਐਕਟਿਵ ਇਨਸ਼ੀਏਟਿਵ (Get Active Initiative) ਦਾ ਵਿਸਤਾਰ ਕਰਨ ਦਾ ਮੌਕਾ ਦੇਵੇਗਾ। ਇਹ ਯੋਗਦਾਨ, ਸਰੀਰਕ ਫਿਟਨੈਸ ਅਤੇ ਸਿਹਤਮੰਦ ਜੀਵਨਸ਼ੈਲੀ ਬਾਰੇ ਗਿਆਨ ਅਤੇ ਸਮਝ ਵਿਕਸਿਤ ਕਰਨ ਵਿੱਚ, ਨੌਜਵਾਨਾਂ ਦੀ ਮਦਦ ਕਰਨ ਵਿੱਚ ਸ਼ਾਨਦਾਰ ਬਦਲਾਅ ਲਿਆ ਰਹੇ ਹਨ।”

ਲੇਡੀ ਬੈਲਰਸ ਕੈਂਪ (Lady Ballers Camp) ਲਈ, ਇਹ ਫੰਡਿੰਗ, ਕਮਿਉਨਿਟੀ ਨੂੰ ਇੱਕ ਬਹੁਮੁੱਲਾ ਪ੍ਰੋਗਰਾਮ ਡਿਲੀਵਰ ਕਰਨ ਦੀ ਉਹਨਾਂ ਦੀ ਯੋਗਤਾ ਵਿੱਚ ਸਹਾਇਕ ਸੀ। 2021 ਵਿੱਚ ਗ੍ਰਾਂਟ ਪ੍ਰਾਪਤਕਰਤਾਵਾਂ ਵਜੋਂ, ਇਸਨੇ ਇਹ ਯਕੀਨੀ ਬਣਾਉਣ ਵਿੱਚ ਮਦਦ ਕੀਤੀ ਕਿ ਉਹਨਾਂ ਦਾ ਸਮਰ ਕੈਂਪ 2.0 – ਰਾਈਟ ਟੂ ਲਰਨ ਰਾਈਟ ਟੂ ਪਲੇ (Summer Camp 2.0 - Right to Learn Right to Play) ਸਫਲ ਰਿਹਾ ਸੀ। “ਸਾਡਾ ਪ੍ਰੋਗਰਾਮ, ਬ੍ਰੈਂਪਟਨ ਵਿੱਚ 246 ਬੱਚਿਆਂ ਅਤੇ ਨੌਜਵਾਨਾਂ ਤੱਕ ਪਹੁੰਚਦੇ ਹੋਏ, ਸਾਡੀਆਂ ਉਮੀਦਾਂ ਤੋਂ ਵੀ ਅੱਗੇ ਵਧ ਗਿਆ ਅਤੇ ਇਸਨੇ ਬਹੁਤ ਸਾਰੇ ਬੱਚਿਆਂ ਦੀਆਂ ਜ਼ਿੰਦਗੀਆਂ ਵਿੱਚ ਖੁਸ਼ੀ ਲਿਆਂਦੀ। 2021 ਦੇ ਪਤਝੜ ਵਿੱਚ, ਅਸੀਂ ਮਾਨਸਿਕ ਤੰਦਰੁਸਤੀ ਪ੍ਰੋਗਰਾਮਿੰਗ ਦੇ ਨਾਲ-ਨਾਲ, ਅਕੈਡਮਿਕ ਟਿਊਟਰਿੰਗ ਅਤੇ ਹੋਮਵਰਕ ਮਦਦ ਪ੍ਰਦਾਨ ਕੀਤੀ, ਜੋ ਇਸ ਬੇਹੱਦ ਮੁਸ਼ਕਲੇ ਸਮੇਂ ਦੇ ਦੌਰਾਨ ਮਹੱਤਵਪੂਰਣ ਸੀ।” 2022 ਦੇ ਪ੍ਰੋਗਰਾਮ ਤੋਂ ਫੰਡਿੰਗ, ਗਰੀਬੀ ਵਿੱਚ ਰਹਿਣ ਵਾਲੀਆਂ ਜਾਂ ਇਸਦੇ ਜੋਖਮ ਵਾਲੀਆਂ, ਬਲੈਕ ਛੋਟੀਆਂ ਲੜਕੀਆਂ ਅਤੇ ਯੂਥ ਨੂੰ, ਸਰੀਰਕ ਕਸਰਤ, ਮਾਨਸਿਕ ਤੰਦਰੁਸਤੀ ਅਤੇ ਜ਼ਰੂਰੀ ਅਕੈਡਮਿਕ ਸਹਾਇਤਾ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕਰਦੇ ਹੋਏ, ਉਹਨਾਂ ਦੇ 8-ਹਫਤੇ ਦੇ ਸਮਰ ਕੈਂਪ ਅਤੇ 14-ਹਫਤੇ ਦੇ ਬੈਕ-ਟੂ-ਸਕੂਲ ਪ੍ਰੋਗਰਾਮਿੰਗ ਡਿਲੀਵਰ ਕਰਨ ਵਿੱਚ, ਲੇਡੀ ਬੈਲਰਸ ਕੈਂਪ ਦੀ

ਮਦਦ ਕਰੇਗੀ।

ਲੋਕਲ ਗੈਰ-ਲਾਭ ਸੰਗਠਨਾਂ ਅਤੇ ਚੈਰਿਟੀਜ ਦੀ ਹੋਰ ਸਹਾਇਤਾ ਲਈ, **ਐਡਵਾਂਸ ਬ੍ਰੈਂਪਟਨ ਫੰਡ ਨੇ, ਗੈਰ-ਲਾਭ ਸੈਕਟਰ ਡਿਵੈਲਪਮੈਂਟ** (Non-Profit Sector Development) **ਵਰਕਸ਼ਾਪਾਂ ਪ੍ਰਦਾਨ ਕਰਨ ਵਾਸਤੇ, ਟੋਰੋਂਟੋ ਮੈਟਰੋਪੋਲੀਟਨ ਯੂਨੀਵਰਸਿਟੀ** (Toronto Metropolitan University) **(ਪਹਿਲਾਂ ਇਸਦਾ ਨਾਮ ਰਾਇਰਸਨ ਯੂਨੀਵਰਸਿਟੀ** (Ryerson University) **ਸੀ) ਦੇ** [ਜੀ. ਰੇਮੰਡ ਚੈਂਗ ਸਕੂਲ ਆਫ ਕੰਟੀਨਿਊਂਗ ਐਜੂਕੇਸ਼ਨ (G. Raymond Chang School of Continuing Education)](#) **ਦੇ ਨਾਲ ਭਾਈਵਾਲੀ ਕੀਤੀ ਹੈ।** ਇਹ ਵਰਕਸ਼ਾਪਾਂ, ਸੰਗਠਨਾਂ ਨੂੰ ਆਪਣੀ ਸਮਰੱਥਾ ਵਧਾਉਣ ਅਤੇ ਸੈਕਟਰ ਸਿੱਖਿਆ ਅਤੇ ਕੌਸ਼ਲਾਂ ਨੂੰ ਵਧਾਉਣ ਵਿੱਚ ਮਦਦ ਕਰਨ ਤੇ ਕੇਂਦਰਿਤ ਸਨ। ਨਵੰਬਰ 2021 ਤੋਂ ਬਾਅਦ, 11 ਸੈਸ਼ਨ ਆਯੋਜਿਤ ਕੀਤੇ ਗਏ ਸਨ, ਜਿਹਨਾਂ ਵਿੱਚ 250 ਤੋਂ ਵੱਧ ਭਾਗੀਦਾਰਾਂ ਦੀ ਮੇਜਬਾਨੀ ਕੀਤੀ ਗਈ ਸੀ। ਅਗਲੀ ਸੀਰੀਜ ਦੀ ਸ਼ੁਰੂਆਤ, ਪਤਝੜ ਵਿੱਚ ਹੋਵੇਗੀ।

**ਐਡਵਾਂਸ ਬ੍ਰੈਂਪਟਨ ਫੰਡ ਦੇ ਬਾਰੇ ਵਿੱਚ**

ਐਡਵਾਂਸ ਬ੍ਰੈਂਪਟਨ ਫੰਡ, 600,000 ਡਾਲਰ ਦਾ ਇੱਕ ਕਮਿਉਨਿਟੀ-ਗ੍ਰਾਂਟ ਪ੍ਰੋਗਰਾਮ ਹੈ, ਜੋ ਬ੍ਰੈਂਪਟਨ ਦੇ ਯੋਗ ਗੈਰ-ਲਾਭ ਜਾਂ ਚੈਰਿਟੇਬਲ ਸੰਗਠਨਾਂ ਨੂੰ, ਕਮਿਉਨਿਟੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਨ ਅਤੇ ਟਰਮ ਆਫ ਕਾਉਂਸਿਲ (Term of Council) ਪ੍ਰਾਇਰਟੀਜ ਨੂੰ ਅੱਗੇ ਵਧਾਉਣ ਲਈ ਫੰਡ ਦਿੰਦਾ ਹੈ।

ਤਿੰਨ ਫੰਡਿੰਗ ਸਟ੍ਰੀਮਸ ਉਪਲਬਧ ਹਨ:

- **ਐਮਰਜਿੰਗ –** ਇਹ ਸਟ੍ਰੀਮ, ਨਵੇਂ ਅਤੇ ਇਨੋਵੇਟਿਵ ਪ੍ਰੋਜੈਕਟਾਂ ਵਾਸਤੇ ਮੇਲ ਖਾਂਦੇ ਫੰਡਾਂ ਵਿੱਚ 5,000 ਡਾਲਰ ਤੱਕ ਪ੍ਰਦਾਨ ਕਰਦੀ ਹੈ।
- **ਡਿਵੈਲਪਿੰਗ -** ਇਹ ਸਟ੍ਰੀਮ, ਉਹਨਾਂ ਪ੍ਰੋਗਰਾਮਾਂ ਲਈ ਮੇਲ ਖਾਂਦੇ ਫੰਡਾਂ ਵਿੱਚ 12,500 ਡਾਲਰ ਤੱਕ ਪ੍ਰਦਾਨ ਕਰਦੀ ਹੈ, ਜੋ ਬ੍ਰੈਂਪਟਨ ਵਿੱਚ ਘੱਟੋ-ਘੱਟ ਇੱਕ ਵਾਰ ਸੰਚਾਲਿਤ ਹੋਏ ਹਨ।
- **ਐਂਪਲੀਫਾਇੰਗ** - ਇਹ ਸਟ੍ਰੀਮ, ਉਹਨਾਂ ਪ੍ਰੋਜੈਕਟਾਂ ਲਈ ਮੇਲ ਖਾਂਦੇ ਫੰਡਾਂ ਵਿੱਚ 25,000 ਡਾਲਰ ਤੱਕ ਪ੍ਰਦਾਨ ਕਰਦੀ ਹੈ, ਜੋ ਬ੍ਰੈਂਪਟਨ ਵਿੱਚ ਘੱਟੋ-ਘੱਟ ਦੋ ਵਾਰ ਸੰਚਾਲਿਤ ਹੋਏ ਹਨ।

ਗ੍ਰਾਂਟ ਅਰਜ਼ੀਆਂ ਦਾ ਅਗਲਾ ਰਾਊਂਡ, ਪਤਝੜ 2022 ਵਿੱਚ ਖੁੱਲੇਗਾ, ਜੋ 2023 ਵਿੱਚ ਹੋਣ ਵਾਲੇ ਪ੍ਰੋਜੈਕਟਾਂ ਦੀ ਹਿਮਾਇਤ ਵਿੱਚ ਮਦਦ ਕਰੇਗਾ। 2022 ਦੇ ਐਡਵਾਂਸ ਬ੍ਰੈਂਪਟਨ ਫੰਡ ਦੇ ਗ੍ਰਾਂਟੀਜ ਦੀ ਪੂਰੀ ਸੂਚੀ ਲਈ ਅਤੇ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, brampton.ca/abf ਤੇ ਜਾਓ।

**ਹਵਾਲੇ**

"ਬ੍ਰੈਂਪਟਨ ਮੌਕਿਆਂ ਦਾ ਸ਼ਹਿਰ ਹੈ ਅਤੇ ਮੈਨੂੰ, ਸਾਡੇ ਲੋਕਲ ਗੈਰ-ਲਾਭ ਸੰਗਠਨਾਂ ਤੇ ਐਡਵਾਂਸ ਬ੍ਰੈਂਪਟਨ ਫੰਡ ਦਾ ਅਸਰ ਦੇਖ ਕੇ ਖੁਸ਼ੀ ਹੋ ਰਹੀ ਹੈ। ਜੋ ਵਸੀਲੇ ਉਹ ਪੇਸ਼ ਕਰਦੇ ਹਨ, ਉਹ ਬਹੁਤ ਹੀ ਜ਼ਰੂਰੀ ਸਹਾਇਤਾ ਹੈ ਕਿਉਂਕਿ ਅਸੀਂ ਲਗਾਤਾਰ ਕੋਵਿਡ-19 ਮਹਾਂਮਾਰੀ ਤੋਂ ਬਾਹਰ ਨਿੱਕਲ ਰਹੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਐਡਵਾਂਸ ਬ੍ਰੈਂਪਟਨ ਫੰਡ, ਸਿਰਫ ਫੰਡਿੰਗ ਹੀ ਨਹੀਂ, ਬਲਕਿ ਹੋਰ ਵੀ ਬਹੁਤ ਕੁਝ ਪ੍ਰਦਾਨ ਕਰਦਾ ਹੈ ਅਤੇ ਬ੍ਰੈਂਪਟਨ ਦੇ ਸਾਡੇ ਗੈਰ-ਲਾਭ ਸੰਗਠਨਾਂ ਨੂੰ ਉਹ ਪ੍ਰੋਗਰਾਮ ਅਤੇ ਸੇਵਾਵਾਂ ਡਿਲੀਵਰ ਕਰਦਾ ਹੈ, ਜਿਹਨਾਂ ਦੀ ਸਾਡੇ ਸ਼ਹਿਰ ਨੂੰ ਲੋੜ ਹੈ। ਕਮਿਉਨਿਟੀ ਅਤੇ ਸੰਗਠਨਾਂ ਤੇ ਇਸ ਫੰਡਿੰਗ ਦੇ ਹੋਏ ਅਸਰ ਨੂੰ ਦੇਖਣਾ ਸ਼ਾਨਦਾਰ ਹੈ, ਜੋ ਇਹ ਜ਼ਰੂਰੀ ਵਸੀਲੇ ਪ੍ਰਦਾਨ ਕਰਦੇ ਹਨ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਨੂੰ ਸਾਡੇ ਐਡਵਾਂਸ ਬ੍ਰੈਂਪਟਨ ਫੰਡ ਦੇ ਦੁਆਰਾ, ਬ੍ਰੈਂਪਟਨ ਦੇ ਗੈਰ-ਲਾਭ ਅਤੇ ਚੈਰੀਟੇਬਲ ਸੰਗਠਨਾਂ ਲਈ ਫੰਡਿੰਗ ਮੌਕਾ ਪ੍ਰਦਾਨ ਕਰਕੇ, ਸਾਡੀ ਵੰਨ-ਸੁਵੰਨੀ ਅਬਾਦੀ ਦੀਆਂ ਲੋੜਾਂ ਦੀ ਹਿਮਾਇਤ ਕਰਨ ਤੇ ਮਾਣ ਹੈ। ਅਸੀਂ ਉਸ ਸਕਾਰਾਤਮਕ ਬਦਲਾਅ ਨੂੰ ਦੇਖਣ ਲਈ ਉਤਸ਼ਾਹਿਤ ਹਾਂ, ਜੋ ਇਹ ਗਰੁੱਪ, ਕਮਿਉਨਿਟੀ ਵਿੱਚ ਕਰਦੇ ਹਨ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca